# ਸਕੂਲ ਸਿੱਖਿਆ ਵਿਭਾਗ, ਪੰਜਾਬ

## ਵਰਤਮਾਨ ਲੋਕਤੰਤਰ ਦਾ ਇਤਿਹਾਸ, ਵਿਕਾਸ ਅਤੇ ਵਿਸਥਾਰ

# Home Assignment
# Class : 9th
# Social Studies




## Part-2 (Civics)

## ਨਾਗਰਿਕ ਸ਼ਾਸਤਰ

## ਪਾਠ:9



(From Text-book Page No. 99 to 109)



ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਅੰਗਰੇਜੀ ਅਤੇ ਸ.ਸ. ਟੀਮ-ਜਲੰਧਰ)

## ਪਾਠ - ਵਰਤਮਾਨ ਲੋਕਤੰਤਰ ਦਾ ਇਤਿਹਾਸ

### ਜਾਣ ਪਛਾਣ:

- ਪ੍ਰਾਚੀਨ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਵਿਸ਼ਵ ਵਿੱਚ ਕਈ ਪ੍ਰਕਾਰ ਦੀਆਂ ਸ਼ਾਸਨ ਪ੍ਰਣਾਲੀਆਂ ਪ੍ਰਚਲਿਤ ਰਹੀਆਂ ਹਨ।ਜਿਵੇਂ ਕਿ:
  - ✓ ਰਾਜਤੰਤਰ
  - ✓ ਤਾਨਾਸ਼ਾਹੀ
  - ✓ ਲੋਕਤੰਤਰ
- ਅਜੋਕਾ ਯੁੱਗ ਲੋਕਤੰਤਰ ਦਾ ਯੁੱਗ ਮੰਨਿਆ ਜਾਂਦਾ ਹੈ । ਕਿਉਂਕਿ ਲੋਕਤੰਤਰ ਨੂੰ ਬਾਕੀ ਸਾਰੀਆਂ ਸ਼ਾਸਨ ਪ੍ਰਣਾਲੀਆਂ ਨਾਲੋਂ ਉੱਤਮ ਮੰਨਿਆ ਜਾਂਦਾ ਹੈ।ਆਓ ਹੁਣ ਜਾਣੀਏ ਲੋਕਤੰਤਰ ਨੂੰ ਉੱਤਮ ਕਿਉਂ ਕਿਹਾ ਜਾਂਦਾ ਹੈ ਅਤੇ ਇਸ ਦਾ ਇਤਿਹਾਸ ਕੀ ਹੈ?


### ਲੋਕਤੰਤਰ ਦਾ ਇਤਿਹਾਸ:

- ਪਾਂਚੀਨ ਭਾਰਤ ਵਿੱਚ ਚੋਲ ਵੰਸ਼ ਦੇ ਰਾਜਿਆਂ ਨੇ ਰਾਜ ਨੂੰ ਛੋਟੀਆਂ ਇਕਾਈਆਂ ਵਿੱਚ ਵੰਡਿਆ ਹੋਇਆ ਸੀ। ਜਿਵੇਂ- ਮੰਡਲਮ, ਵਲਾਡੂ, ਨਾਇਡੂ ਤੇ ਉਰ। ਹਰ ਵੱਡੀ ਤੋਂ ਛੋਟੀ ਇਕਾਈ ਨੂੰ ਸਵੈ-ਸ਼ਾਸਨ ਚਲਾਉਣ ਦੀ ਸ਼ਕਤੀ ਦਿੱਤੀ ਗਈ ਸੀ। ਪ੍ਰਸ਼ਾਸਨ ਦੀ ਸਭ ਤੋਂ ਛੋਟੀ ਇਕਾਈ ਉਰ ਸੀ।

ਸਕੂਲ ਸਿੱਖਿਆ ਵਿਭਾਗ, ਪੰਜਾਬ
ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ
ਟੀਮ - ਜਲੰਧਰ


## ਮੱਧ ਕਾਲ:

- ਇਸ ਕਾਲ ਨੂੰ ਸਾਮੰਤਵਾਦ ਦਾ ਕਾਲ ਕਿਹਾ ਜਾਂਦਾ ਹੈ। ਇਸ ਕਾਲ ਵਿੱਚ ਲੋਕਤੰਤਰ ਦੇ ਕੋਈ ਅੰਸ਼ ਨਹੀਂ ਮਿਲਦੇ।



Feudal Pyramid of Power

## ਆਧੁਨਿਕ ਕਾਲ:



- ਯੂਰਪ ਵਿੱਚ ਮਾਨਟੈਸਕਿਉ, ਵਾਲਟੇਅਰ ਤੇ ਰੂਸੋ ਵਰਗੇ ਵਿਦਵਾਨਾਂ ਨੇ ਸੰਸਦੀ ਲੋਕਤੰਤਰ ਦੀ ਵਕਾਲਤ ਕੀਤੀ।ਪਰੰਤੂ ਪਹਿਲੇ ਵਿਸ਼ਵਯੁੱਧ ਤੋਂ ਬਾਅਦ ਇਟਲੀ ਅਤੇ ਜਰਮਨੀ ਵਿੱਚ ਕ੍ਰਮਵਾਰ ਫ਼ਾਸੀਵਾਦ ਅਤੇ ਨਾਜ਼ੀਵਾਦ ਵਰਗੀਆਂ ਤਾਨਾਸ਼ਾਹੀ ਵਿਚਾਰਧਾਰਾਵਾਂ ਪ੍ਰਚਲਿਤ ਹੋਈਆਂ।



# ਲੋਕਤੰਤਰ ਦਾ ਵਿਕਾਸ ਅਤੇ ਵਿਸਥਾਰ

## ਚਿੱਲੀ

- ਅਲੈਂਡੇ ਸੋਸ਼ਲਿਸਟ ਪਾਰਟੀ ਦਾ ਨੇਤਾ ਸੀ।
- 1970 ਵਿੱਚ ਅਲੈਂਡੇ ਚਿੱਲੀ ਦਾ ਰਾਸ਼ਟਰਪਤੀ ਚੁਣਿਆ ਗਿਆ।
- 11 ਸਤੰਬਰ, 1973 ਨੂੰ ਸੈਨਿਕ ਤਾਨਾਸ਼ਾਹ ਪਿਨੌਸ਼, ਅਲੈਂਡੇ ਨੂੰ ਮਰਵਾ ਕੇ ਖੁਦ ਗੱਦੀ ਉੱਤੇ ਬੈਠ ਗਿਆ।
- ਪਿਨੌਸ਼ ਦਾ ਤਾਨਾਸ਼ਾਹ ਰਾਜ ਲਗਭਗ 17 ਸਾਲ ਚਲਿਆ।
- 1988 ਵਿੱਚ ਜਦੋਂ ਪਿਨੌਸ਼ ਨੇ ਜਨਮਤ ਸੰਗ੍ਰਹਿ ਕਰਵਾਇਆ ਤਾਂ ਲੋਕਾਂ ਨੇ ਉਸ ਦੇ ਰਾਜ ਨੂੰ ਨਕਾਰ ਦਿੱਤਾ।
- ਇਸ ਤਰ੍ਹਾਂ ਚਿੱਲੀ ਵਿੱਚ ਲੋਕਤੰਤਰ ਦੀ ਬਹਾਲੀ ਹੋਈ।

## ਪੋਲੈਂਡ

- 1980 ਵਿੱਚ ਪੋਲੈਂਡ ਵਿਚ ਪੋਲਿਸ ਯੁਨਾਈਟਡ ਵਰਕਰਜ਼ ਪਾਰਟੀ ਦੀ ਸਰਕਾਰ ਸੀ।
- ਜਿਹੜਾ ਵਿਅਕਤੀ ਇਸ ਸਰਕਾਰ ਦੇ ਵਿਰੁਧ ਬੋਲਦਾ ਸੀ ਉਸ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਜਾਂਦਾ ਸੀ।
- 14 ਅਗਸਤ,1980 ਨੂੰ ਲੈਨਿਨ ਸ਼ਿਪਯਾਰਡ ਦੇ ਕਾਮਿਆਂ ਨੇ ਇੱਕ ਮਹਿਲਾ ਵਰਕਰ ਨੂੰ ਵਾਪਿਸ ਨੌਕਰੀ ਵਿੱਚ ਲੈਣ ਲਈ ਹੜਤਾਲ ਕਰ ਦਿੱਤੀ।
- ਇਸ ਹੜਤਾਲ ਦੀ ਅਗਵਾਈ ਲੇਕ ਵਲੇਸਾ ਨੇ ਕੀਤੀ।
- ਸਰਕਾਰ ਨੂੰ ਕਾਮਿਆਂ ਅੱਗੇ ਝੁੱਕਣਾ ਪਿਆ ਅਤੇ ਉਹਨਾਂ ਦੀਆਂ ਮੰਗਾਂ ਮਨਣੀਆਂ ਪਈਆਂ।
- 1990 ਵਿੱਚ ਪਹਿਲੀ ਵਾਰ ਰਾਸ਼ਟਰਪਤੀ ਦੀਆਂ ਚੋਣਾਂ ਹੋਈਆਂ ਜਿਸ ਵਿੱਚ ਵਲੇਸਾ ਪੋਲੈਂਡ ਦਾ ਰਾਸ਼ਟਰਪਤੀ ਚੁਣਿਆ ਗਿਆ।

# ਸਰਵ ਵਿਆਪਕ ਬਾਲਗ-ਮਤ-ਅਧਿਕਾਰ

- ਸਾਰੇ ਨਾਗਰਿਕਾਂ ਨੂੰ ਰੰਗ, ਨਸਲ, ਜਾਤੀ, ਜਨਮ, ਧਰਮ ਤੇ ਲਿੰਗ ਦੇ ਵਿਤਕਰੇ ਤੋਂ ਬਿਨਾਂ ਦਿੱਤਾ ਜਾਂਦਾ ਹੈ।
- ਇੱਕ ਨਿਸ਼ਚਿਤ ਉਮਰ ਤੇ ਪਹੁੰਚਣ ’ਤੇ ਵੋਟ ਦਾ ਅਧਿਕਾਰ ਦਿੱਤਾ ਜਾਂਦਾ ਹੈ।
- ਭਾਰਤ ਵਿੱਚ ਇਹ ਅਧਿਕਾਰ ਅਜ਼ਾਦੀ ਤੋਂ ਬਾਅਦ ਸਾਡੇ ਦੇਸ਼ ਦਾ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਪ੍ਰਾਪਤ ਹੋਇਆ।



ਆਓ ਹੁਣ ਅੰਤਰ ਰਾਸ਼ਟਰੀ ਪੱਧਰ 'ਤੇ ਲੋਕਤੰਤਰ ਦੀ ਸਥਾਪਨਾ ਬਾਰੇ ਜਾਣਕਾਰੀ ਹਾਸਲ ਕਰੀਏ। ਇਸਨੂੰ ਅਸੀਂ ਹੇਠਾਂ ਬਣੇ ਟੇਬਲ ਦੀ ਸਹਾਇਤਾ ਨਾਲ ਸਮਝਾਂਗੇ:

## ਅੰਤਰ ਰਾਸ਼ਟਰੀ ਸੰਸਥਾਵਾਂ

### ਸੰਯੁਕਤ ਰਾਸ਼ਟਰ ਸੰਘ

- → ਹੁਣ ਤੱਕ ਇਸ ਦੇ 193 ਦੇਸ਼ ਮੈਂਬਰ ਹਨ।
- → ਇਸ ਦੀ ਇੱਕ ਮਹਾਂਸਭਾ ਹੈ, ਜਿਥੇ ਸਾਰੇ ਮੈਂਬਰ ਦੇਸ਼ ਦੁਨੀਆਂ ਦੀਆਂ ਸੱਮਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕਰਦੇ ਹਨ।
- → ਪਰ ਮਹਾਂਸਭਾ ਦੇਸ਼ਾਂ ਵਿਚਕਾਰ ਝਗੜਿਆਂ ਸੰਬੰਧੀ ਕੋਈ ਫ਼ੈਸਲਾ ਨਹੀਂ ਲੈ ਸਕਦੀ ।
- → ਇਸ ਸੰਸਥਾ ਦਾ ਇੱਕ ਮਹੱਤਵਪੂਰਨ ਅੰਗ 'ਸੁਰੱਖਿਆ ਪ੍ਰੀਸ਼ਦ' ਇਹ ਫ਼ੈਸਲੇ ਲੈਂਦੀ ਹੈ।
- → ਸੁਰੱਖਿਆ ਪਰਿਸ਼ਦ ਦੇ ਪੰਜ ਸਥਾਈ ਮੈਂਬਰ ਹਨ- ਅਮਰੀਕਾ, ਇੰਗਲੈਂਡ, ਰੂਸ, ਫ਼ਰਾਂਸ ਤੇ ਚੀਨ। ਇਹਨਾਂ ਕੋਲ ਵੀਟੋ ਸ਼ਕਤੀ ਹੈ।

### ਅੰਤਰ ਰਾਸ਼ਟਰੀ ਮੁਦਰਾ ਕੋਸ਼

- → ਇਹ ਦੁਨੀਆਂ ਭਰ ਦੇ ਦੇਸ਼ਾਂ ਨੂੰ ਕਰਜੇ ਦੇਣ ਦਾ ਕੰਮ ਕਰਦਾ ਹੈ।
- → ਇਸ ਦੇ 189 ਦੇਸ਼ ਮੈਂਬਰ ਹਨ।
- → ਹਰ ਇੱਕ ਮੈਂਬਰ ਦੇਸ਼ ਦੀ ਵੋਟ ਉਸ ਦੁਆਰਾ ਇਸ ਸੰਸਥਾ ਨੂੰ ਦਿੱਤੀ ਗਈ ਰਾਸ਼ੀ ਦੇ ਅਨੁਸਾਰ ਨਿਸ਼ਚਿਤ ਕੀਤੀ ਜਾਂਦੀ ਹੈ।
- → ਇਸ ਸੰਸਥਾ ਦੀ 52% ਵੋਟ ਸ਼ਕਤੀ ਕੇਵਲ 10 ਦੇਸ਼ਾਂ ਕੋਲ ਹੈ। ਜੋ ਕਿ ਅਮੀਰ ਹਨ।

### ਵਿਸ਼ਵ ਬੈਂਕ

- → ਇਸ ਦੀ ਵਿਵਸਥਾ ਵੀ ਅੰਤਰ-ਰਾਸ਼ਟਰੀ ਮੁਦਰਾ ਕੋਸ਼ ਦੀ ਤਰ੍ਹਾਂ ਹੀ ਹੈ।
- → ਇਸ ਦਾ ਪ੍ਰਧਾਨ ਹਮੇਸ਼ਾ ਅਮਰੀਕਾ ਦੇ ਨਾਗਰਿਕ ਨੂੰ ਹੀ ਬਣਾਇਆ ਜਾਂਦਾ ਹੈ।

ਸਹੀ ਮਿਲਾਨ ਕਰੋ:

| | |
|---|---|
| ਇਟਲੀ | ਨਾਜ਼ੀਵਾਦ |
| ਜਰਮਨੀ | ਅਲੈਂਡੇ |
| ਚਿੱਲੀ | ਫ਼ਾਸੀਵਾਦ |
| ਪੋਲੈਂਡ | ਵਲੇਸਾ |
| ਭਾਰਤ | ਲੋਕਤੰਤਰ |

## ਖਾਲੀ ਸਥਾਨ ਭਰੋ:

1. ਅੱਜ ਕੱਲ ਦੁਨੀਆਂ ਦੇ ਜਿਆਦਾਤਰ ਦੇਸ਼ਾਂ ਵਿੱਚ__________________ ਸ਼ਾਸਨ ਪ੍ਰਣਾਲੀ ਅਪਣਾਈ ਜਾ ਰਹੀ ਹੈ।
2. ਚੋਲ ਰਾਜਿਆਂ ਸਮੇਂ ਪ੍ਰਸ਼ਾਸਨ ਦੀ ਸਭ ਤੋਂ ਛੋਟੀ ਇਕਾਈ ______________ ਸੀ।
3. ਪੋਲੈਂਡ ਵਿੱਚ ਪਹਿਲੀ ਵਾਰ ਰਾਸ਼ਟਰਪਤੀ ਦੀਆਂ ਚੋਣਾਂ ______________ ਨੂੰ ਹੋਈਆਂ।
4. ਪੋਲੈਂਡ ਵਿੱਚ ਪਹਿਲੀ ਵਾਰ ਰਾਸ਼ਟਰਪਤੀ ਦੀਆਂ ਚੋਣਾਂ ਵਿੱਚ _______________ ਰਾਸ਼ਟਰਪਤਰੀ ਚੁਣਿਆ ਗਿਆ।
5. ਚਿੱਲੀ ਵਿੱਚ ਲੋਕਤੰਤਰ ਦੀ ਮੁੜ ਬਹਾਲੀ ਪਿਨੋਸ਼ ਦੀ ਤਾਨਾਸ਼ਾਹੀ ਦਾ ਅੰਤ ਹੋਣ ਤੇ ____________ ਈ: ਵਿੱਚ ਹੋਈ।
6. ਮੱਧਕਾਲ ਨੂੰ ________________ ਦਾ ਕਾਲ ਕਿਹਾ ਜਾਂਦਾ ਹੈ।

## ਸਹੀ / ਗਲਤ :

1. ਸੰਯੁਕਤ ਰਾਸ਼ਟਰ ਦੇ ਹੁਣ ਤੱਕ 193 ਦੇਸ਼ ਮੈਂਬਰ ਹਨ।
2. ਸੁਰੱਖਿਆ ਪ੍ਰੀਸ਼ਦ ਦੇ ਦੱਸ ਸਥਾਈ ਮੈਂਬਰ ਹਨ।
3. ਭਾਰਤ ਸੁਰੱਖਿਆ ਪ੍ਰੀਸ਼ਦ ਦਾ ਸਥਾਈ ਮੈਂਬਰ ਹੈ।
4. ਅੰਤਰ ਰਾਸ਼ਟਰੀ ਮੁਦਰਾ ਕੋਸ਼ ਦੁਨੀਆਂ ਦੇ ਦੇਸ਼ਾਂ ਨੂੰ ਕਰਜੇ ਦੇਣ ਦਾ ਕੰਮ ਕਰਦੀ ਹੈ।
5. ਵਿਸ਼ਵ ਬੈਂਕ ਦਾ ਪ੍ਰਧਾਨ ਕਿਸੇ ਵੀ ਦੇਸ਼ ਦੇ ਨਾਗਰਿਕ ਨੂੰ ਵੋਟ ਪਾ ਕੇ ਚੁਣਿਆ ਜਾਂਦਾ ਹੈ।

ਪੜ੍ਹੋ ਪੰਜਾਬ
ਸਕੂਲ ਸਿੱਖਿਆ ਵਿਭਾਗ, ਪੰਜਾਬ
ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ
ਟੀਮ - ਜਲੰਧਰ
ਪੜ੍ਹਾਓ ਪੰਜਾਬ

# ਹੇਠਾਂ ਦਿੱਤੇ ਸੰਸਾਰ ਦੇ ਨਕਸ਼ੇ ਦੀ ਸਹਾਇਤਾ ਨਾਲ ਦੱਸ ਦੇਸ਼ਾਂ ਦੇ ਨਾਮ ਲੱਭੋ ਜਿੱਥੇ ਲੋਕਤੰਤਰੀ ਸਰਕਾਰ ਹੋਵੇ :



# ਸਕੂਲ ਸਿੱਖਿਆ ਵਿਭਾਗ, ਪੰਜਾਬ

ਪੂਰਾ ਪਾਠ ਦੇਖਣ ਲਈ ਹੇਠਾਂ ਦਿੱਤੇ ਕੋਡ ਨੂੰ ਸਕੈਨ ਕਰੋ।

ਪਾਠ – 9 ਵਰਤਮਾਨ ਲੋਕਤੰਤਰ ਦਾ ਇਤਿਹਾਸ, ਵਿਕਾਸ ਅਤੇ ਵਿਸਥਾਰ

VIEW NOW

# THANKS

**Part-2 (Civics)**

ਨਾਗਰਿਕ ਸ਼ਾਸਤਰ

ਪਾਠ:9



(From Text-book Page No. 99 to 109)



ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਅੰਗਰੇਜੀ ਅਤੇ ਸ.ਸ. ਟੀਮ–ਜਲੰਧਰ)